ਰੇਡੀਓ ਲਵੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ

ਕੜੀ-43

ਟਿਕਾਊ ਵਿਕਾਸ- ਚਲਦੀ ਰਹੇ ਇਹ ਜਿੰਦਗੀ- ਚਰਚਾ **( Sustainable Development – Charcha )**

ਪੰਜਾਬੀ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

**(This episode is an interactive episode , in this episode we shall discuss the themes of the previous seven episodes ( 36 to 42), There is likely that we may have an interaction with experts , and try to focus on doubts of the audience and provide possible solutions and also try to answer the questions raised .)**

ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਲੋੜ ਅਨੁਸਾਰ ਹੋਰ

<u>ਸੁਰੂਆਤੀ ਐਲਾਨ</u>

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

"ਟਿਕਾਊ ਵਿਕਾਸ- ਚਲਦੀ ਰਹੇ ਇਹ ਜਿੰਦਗੀ"

(ਸੰਗੀਤ...)

**ਐਲਾਨ**: ਇਹ ਆਲ ਇੰਡੀਆ ਰੇਡਿਓ ਹੈ।ਸਾਡੇ ਵਿਗਿਆਨ ਲੜੀਵਾਰ "**ਟਿਕਾਊ ਵਿਕਾਸ- ਚਲਦੀ ਰਹੇ ਇਹ ਜਿੰਦਗ**" ਦੀਆਂ ਬਿਆਲੀ ਕੜੀਆਂ ਰਾਹੀਂ ਹੁਣ ਤੱਕ ਤੁਸੀਂ ਸੁਣ ਚੁੱਕੇ ਹੋ ਵਾਰਤਾ ਸਾਡੇ ਅਜੋਕੇ ਵਿਕਾਸ ਦੇ ਮਾਡਲ ਦੀ ਦਿਸ਼ਾ ਦੀ! ਪਤਾ ਚੱਲਿਆ ਸਾਨੂੰ ਕਿ ਵਿਕਾਸ ਦੇ 'ਵਰਤੋ ਤੇ ਸੁੱਟੋ' ਮਾਡਲ ਦੇ ਨੁਕਸਾਨ ਪਹੁੰਚ ਜਾਂਦੇ ਨੇ ਕਿਸ ਹੱਦ ਤੱਕ ? ਕਿੰਨਾ ਹੈ ਵਿਸ਼ਾਲ ਕਲਾਵਾ ਇਨ੍ਹਾਂ ਦਾ ? ਕਿਵੇਂ ਹੁੰਦਾ ਹੈ ਘਾਣ ਕੁਦਰਤ ਦਾ ਮੌਜੂਦਾ ਵਿਕਾਸ ਦੀ ਕੁਦਰਤ ਵਿਰੋਧੀ ਦਿਸ਼ਾ ਕਾਰਨ ? ਕਿਵੇਂ ਸੰਭਵ ਨਹੀਂ ਹੈ ਬਚਣਾ ਇਸ ਧਰਤ ਗ੍ਰਹਿ ਦਾ ਜੇਕਰ ਨਾ ਦਿੱਤਾ ਮੋੜਾ ਕੁਦਰਤ ਦੇ ਇਸ ਦੋਹਨ ਨੂੰ? ਹੋ ਰਿਹਾ ਹੈ ਜਿਹੜਾ ਬੇਲੋੜੇ ਖਪਤਵਾਦ ਕਾਰਨ ! ਸੁਣੀਆਂ ਨੇ ਕਹਾਣੀਆਂ ਤੁਸੀ ਨਸ਼ਟ ਹੋ ਰਹੀ ਖੇਤੀ ਦੀ ਵੰਨ ਸੁਵੰਨਤਾ ਦੀਆਂ, ਸਮੁੰਦਰ ਦੀ ਜੈਵਿਕ ਭਿੰਨਤਾ, ਇਸਦਾ ਮਹੱਤਵ ਤੇ ਇਸਦੀ ਹੋ ਰਹੀ ਬਰਬਾਦੀ ਨੂੰ ਰੋਕਨ ਦੀ ਲੋੜ ਤੇ ਉਸ ਵਾਸਤੇ ਉਪਰਾਲਿਆਂ ਦੀਆਂ, ਕੁਦਰਤ ਨਾਲ ਇਕਸੁਰਤਾ ਵਾਲੇ ਵਿਕਾਸ ਦੀ ਦਿਸ਼ਾ ਦੀਆਂ, ਲੋੜੀਂਦੇ ਬਦਲਾਵਾਂ ਦੀਆਂ, ਲੋੜ ਹੈ ਜਿਨ੍ਹਾਂ ਦੀ ਵਿਕਾਸ ਦੇ ਧਰਾਤਲ ਤੇ । ਅੱਜ ਅਸੀਂ ਆਪਣੇ ਸ੍ਰੋਤਿਆਂ ਦੇ ਰੂਬਰੂ ਹੋ ਰਹੇ ਹਾਂ "**ਟਿਕਾਊ ਵਿਕਾਸ**" ਦੇ ਵੱਖ ਵੱਖ ਪਹਿਲੂਆਂ ਦੇ ਸੰਖੇਪ ਸਾਰ ਨੂੰ ਲੈ ਕੇ ਜਿਨ੍ਹਾਂ ਬਾਬਤ ਅਸੀਂ ਪਿਛਲੀਆਂ ਸੱਤ ਕੜੀਆਂ ਵਿੱਚ ਪੇਸ਼ ਕਰ ਚੁੱਕੇ ਹਾਂ ਵਿਸਤ੍ਰਿਤ ਜਾਣਕਾਰੀ ! ਕਰਾਂਗੇ ਇੱਕ ਵਾਰ ਸਮੁੱਚਾ ਵਿਚਾਰ ਵਟਾਂਦਰਾ ।ਸੰਭਵ ਹੈ ਕਿ ਮਾਹਰ ਵੀ ਤੁਹਾਡੇ ਵੱਲੋਂ ਉਠਾਏ ਪ੍ਰਸ਼ਨਾਂ ਦਾ ਉੱਤਰ ਦੇਣ ਤੇ ਤੁਹਾਡੇ ਸ਼ੰਕਿਆਂ ਦੀ ਨਵਿਰਤੀ ਕਰਨ ।ਆਲ ਇੰਡੀਆ

ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ "**ਟਿਕਾਊ ਵਿਕਾਸ- ਚਲਦੀ ਰਹੇ ਇਹ ਜਿੰਦਗੀ**" ਦੀ 43ਵੀਂ ਕੜੀ ।

**(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ:** ਆਪ ਸਭ ਦਾ ਵਿਗਿਆਨ ਲੜੀਵਾਰ "**ਟਿਕਾਊ ਵਿਕਾਸ- ਚਲਦੀ ਰਹੇ ਇਹ ਜਿੰਦਗੀ**" ਦੀ ਪੈਂਤੀਵੀਂ ਕੜੀ ਵਿੱਚ ਨਿਘਾ ਸੁਆਗਤ ਹੈ । "**ਟਿਕਾਊ ਵਿਕਾਸ**" ਸੁਣਦੇ ਹੀ ਸਾਡੇ ਸਾਹਮਣੇ ਆ ਜਾਂਦੀ ਹੈ ਤਸਵੀਰ ਬਦਲਦੀ ਤਰਜੇ ਜ਼ਿੰਦਗੀ ਦੀ, ਖਪਤ ਸਭਿਆਚਾਰ ਦੀ, 'ਵਰਤ ਕੇ ਸੁੱਟ ਦੇਣ ਵਾਲੇ ਕੁਦਰਤ ਵਿਰੋਧੀ ਹਥਿਆਰ ਦੀ! ਸਾਡੇ ਪੰਜਾਬ ਨੇ ਤਾਂ ਅਨੇਕਾਂ ਝੱਲੀਆਂ ਨੇ ਤ੍ਰਾਸਦੀਆਂ, ਕੁਦਰਤ ਦੇ ਇਸ ਵਿਗਾੜੇ ਗਏ ਸੰਤੁਲਨ ਕਾਰਨ ! ਪਾਣੀ ਸਾਡਾ ਹੋ ਗਿਆ ਮਲੀਨ , ਹਵਾ ਸਾਡੀ ਜਹਿਰੀਲੀ, ਮਿੱਟੀ ਸਾਡੀ ਰਹੀ ਹੈ ਮਰ ! ਧਰਤ ਹੇਠਲਾ ਪਾਣੀ ਵੀ ਚਲਿਆ ਗਿਆ ਪਤਾਲਾਂ ਨੂੰ ਹੀ, ਫੈਲ ਰਹੇ ਨੇ ਕੈਂਸਰ, ਕਾਲਾ ਪੀਲੀਆ ਤੇ ਹੋਰ ਭਿਆਨਕ ਰੋਗ, ਨਿਗਲ ਰਹੀ ਹੈ ਇਸ ਨਾਲ ਪੈਦਾ ਹੋਈ ਮੰਦੀ ਅਰਥਕਤਾ ਦੀ ਇਹ ਤ੍ਰਾਸਦੀ ਸਾਡੇ ਕਿਸਾਨਾਂ ਨੂੰ, ਮਜਦੂਰਾਂ ਨੂੰ, ਜੁਆਨੀ ਨੂੰ, ਤੇ ਔਰਤਾਂ ਨੂੰ , ਸਾਰਿਆਂ ਦੀ ਸਿਹਤ ਨੂੰ, ਸਾਡੀ ਖੇਤੀ ਦੀ ਵੰਨ ਸੁਵੰਨਤਾ ਨੂੰ, ਸਾਡੇ ਕੁਦਰਤੀ ਸ੍ਰੋਤਾਂ ਨੂੰ ਤੇ ਜੈਵਿਕ ਵੰਨ-ਸੁਵੰਨਤਾ ਨੂੰ ਵੀ । ਹੋ ਰਹੀ ਹੈ ਬਰਬਾਦੀ ਸਾਡੇ ਭੋਜਨ ਪਦਾਰਥਾਂ ਦੀ, ਸਾਡੇ ਮੌਸਮਾਂ ਦੀ , ਸਾਡੇ ਸਮੁੰਦਰਾਂ ਦੀ ਉਨ੍ਹਾਂ ਦੇ ਬਹੁਰੰਗੇ ਸੰਸਾਰ ਦੀ !

**ਮਰਦ ਸੂਤਰਧਾਰ:** ਪੰਜਾਬ ਦੇ ਹਰੇ ਇਨਕਲਾਬ ਨੇ ਨਸ਼ਟ ਕਰ ਦਿੱਤੀ ਹੈ ਸਾਡੀ ਖੇਤੀ ਦੀ ਵੰਨ ਸੁਵੰਨਤਾ !

**ਔਰਤ ਸੂਤਰਧਾਰ:** ਇਸ ਦੌੜ ਵਿੱਚ ਮੁੱਕ ਗਏ ਸਾਡੀ ਕੁਦਰਤੀ ਜੰਡ, ਕਰੀਰ, ਰੇਰੂ ਤੇ ਫਰਮਾਂਹ ਤੇ ਤੂਤ! ਮੁੱਕ ਚਲੀਆਂ ਨੇ ਕਿੱਕਰਾਂ ਬੇਰੀਆਂ ਤੇ ਟਾਹਲੀਆਂ ਵੀ !

**ਮਰਦ ਸੂਤਰਧਾਰ:** ਖਤਮ ਹੋ ਗਏ ਸਾਡੇ ਬੇਰ, ਚਿਬੜ੍ਹ, ਡੇਲੇ ਤੇ ਵਾੜੀ ਕਰੇਲੇ, ਨਹੀਂ ਮਿਲਦਾ ਕਿੱਕਰ ਦੇ ਤੁੱਕਿਆਂ ਦਾ ਅਚਾਰ!

**ਔਰਤ ਸੂਤਰਧਾਰ:** ਹੋ ਗਈਆਂ ਦੁਰਲੱਭ ਮੂੰਗੀ, ਮੋਠ, ਗੁਆਰੇ ਦੀਆਂ ਫਲੀਆਂ, ਹਰਾ ਛੋਲੀਆ ਤੇ ਹੋਲਾਂ !

**ਮਰਦ ਸੂਤਰਧਾਰ:**ਹਾਂ ਪ੍ਰਭਾਣੀ ! ਖਤਮ ਹੋ ਗਈਆਂ ਸਨਕ ਨਮੋਲੀਆਂ, ਕੌੜ ਤੂੰਬੇ , ਕੁਆਰ ਗੰਦਲਾਂ ਤੇ ਬਿਲ ਵੀ !

**ਔਰਤ ਸੂਤਰਧਾਰ:**ਅਲੋਪ ਹੋ ਗਈਆਂ ਨੇ ਸਾਡੀਆਂ ਚੌਲਾਂ ਦੀਆਂ ਤੇ ਹੋਰ ਫਸਲਾਂ ਦੀਆਂ ਹਜਾਰਾਂ ਹੀ ਵੰਨਗੀਆਂ ਵੀ!

**ਮਰਦ ਸੂਤਰਧਾਰ:** ਹਾਂ! ਹੋ ਗਈ ਬਰਬਾਦ ਸਾਡੀ ਉਪਜਾਊ ਮਿੱਟੀ, ਮਰ ਗਈ ਮਿੱਟੀ ਤੇ ਮੁੱਕ ਚਲਿਆ ਹੈ ਪਾਣੀ !

**ਔਰਤ ਸੂਤਰਧਾਰ:** ਹੋ ਗਏ ਜ਼ਹਿਰੀਲੇ ਹਵਾ ਪਾਣੀ ਤੇ ਮਿੱਟੀ ! ਸੱਚ ਮੁੱਚ ਹੀ ਕਿਸੇ ਨੇ ਪੰਜਾਂ ਪਾਣੀਆਂ ਅੰਦਰ ਦਿੱਤਾ ਜਹਿਰ ਰਲਾ, ਤੇ ਉਨ੍ਹਾਂ ਪੰਜਾਂ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ, ਇਸ ਜ਼ਰਖੇਜ ਜ਼ਮੀਨ ਦੇ ਲੂੰ ਲੂੰ ਫੁੱਟਿਆ ਕਹਿਰ, ਗਿੱਠ ਗਿੱਠ ਚੜ੍ਹੀਆਂ ਲਾਲੀਆਂ ਫੁੱਟ ਫੁੱਟ ਚੜ੍ਹਿਆ ਜ਼ਹਿਰ !

**ਮਰਦ ਸੂਤਰਧਾਰ:** ਹਾਂ ! ਵਿਹੁ ਵਲਿਸੀ ਹਵਾ ਫਿਰ ਵਣ ਵਣ ਵਗੀ ਜਾ, ਉਹਨੇ ਹਰ ਇੱਕ ਬਾਂਸ ਦੀ ਵੰਝਲੀ ਦਿੱਤੀ ਨਾਗ ਬਣਾ !

**ਔਰਤ ਸੂਤਰਧਾਰ:** ਛਾ ਗਈ ਧੁੰਦ, ਹੋ ਗਿਆ ਨੇਰ੍ਹ ਗੁਬਾਰ, ਚਲਾ ਗਿਆ ਪਾਣੀ ਪਤਾਲਾਂ ਨੂੰ ! ਕਿਆ ਹੈ ਮੌਕਾ ਮੇਲ

**ਮਰਦ ਸੂਤਰਧਾਰ:** ਪਰ ਪ੍ਰਭਾਣੀ ਇਹ ਮੌਕਾ ਮੇਲ ਨਹੀਂ ! ਇਹ ਉਦਯੋਗ ਦੇ ਲਾਲਚ ਵਿੱਚ ਧੁਹਿਆ ਗਿਆ ਵਿਕਾਸ ਹੈ ! ਵਰਤੋ ਵੱਧ ਤੋਂ ਵੱਧ ਰਸਾਇਣਕ ਖਾਦਾਂ , ਕੀਟ ਨਾਸ਼ਕ , ਨਦੀਨਨਾਸਕ, ਮਾਰ ਮੁਕਾਓ ਸਾਰੇ ਕੀਟ ਪਤੰਗਾਂ ਨੂੰ !

**ਔਰਤ ਸੂਤਰਧਾਰ:** ਹਾਂ ! ਖਤਮ ਹੋ ਗਈਆਂ ਚਿੜੀਆਂ ਘੁਗੀਆਂ ਤੇ ਕਾਂ , ਨਹੀਂ ਰਹੀਆਂ ਗਿਰਝਾਂ ਕਰਦੀਆਂ ਨੇ ਜੋ ਸਫਾਈ ਮੁਰਦਾਰਾਂ ਦੀ !

**ਮਰਦ ਸੂਤਰਧਾਰ:** ਅੱਜ ਗੱਲ ਕੀਤੀ ਜਾ ਰਹੀ ਹੈ ਫਸਲਾਂ ਦੇ ਫੇਰ ਦੀ , ਪਰ ਗੋਜਵੀਆਂ ਬੀਜਣੀਆਂ , ਕਣਕ ਵੱਚ ਸਰ੍ਹੋਂ ਦੀਆਂ ਆਡਾਂ ਕਪਾਹ ਵਿੱਚ ਲੋਬੀਏ ਦੀ ਵੇਲਾਂ , ਫੇਤਾਂ ਦੁਆਲੇ ਝਿੰਜਣ ਬੀਜਣੀ, ਕਿਸਨੇ ਕਰਵਾਈ ਬੰਦ ?

**ਔਰਤ ਸੂਤਰਧਾਰ:** ਹਾਂ ! ਹਰੇ ਇਨਕਲਾਬ ਦਾ ਧੂਆਂਧਾਰ ਹੋਇਆ ਪ੍ਰਚਾਰ, 1962 ਵਿੱਚ ਲਿਖੀ ਰਿਸ਼ੇਲ ਕਾਰਸਨ ਦੀ ਕਿਤਾਬ ਦ ਸਾਈਲੈਂਟ ਸਪਰਿੰਗ ਵਿੱਚ ਦਰਸਾਈ ਸਥਿਤੀ ਤੇ ਪਾ ਦਿੱਤਾ ਪਰਦਾ !

**ਮਰਦ ਸੂਤਰਧਾਰ:** ਹਾਂ ਭਾਗਮਾਨੇ ! ਸਾਡੇ ਬੁੱਧਜੀਵੀ ਤਾਂ ਬਹੁਤ ਵਾਰੀ ਚਰਚਾ ਕਰਨ ਦੀ ਥਾਂ ਬਹਿਸ ਕਰਦੇ ਨੇ !

**ਔਰਤ ਸੂਤਰਧਾਰ:** ਇਹੀ ਕਾਰਨ ਹੈ ਕਿ ਸੱਚ ਦੀ ਖੋਜ ਖੁੰਝ ਰਹੀ ਹੈ ਤੇ ਆਪਣੀ ਗੱਲ ਮਨਵਾਉਣ ਲਈ ਅਸੀਂ ਸਾਰਾ ਜੋਰ ਲਗਾ ਕੇ ਹੰਕਾਰੀ ਬਣ ਰਹੇ ਹਾਂ !

**ਮਰਦ ਸੂਤਰਧਾਰ:** ਅੱਜ ਲੋੜ ਹੈ ਕੁਦਰਤ ਨਾਲ ਇਕਸੁਰਤਾ ਵਾਲੇ ਢੰਗ ਤਰੀਕਿਆਂ ਦੀ , ਸਮੁਚੇ ਕੀਟ ਨਿਯੰਤਰਣ ਲਈ ਜੈਵਿਕ ਕੀਟ ਨਿਯੰਤਰਨ ਨੂੰ ਯੋਗ ਥਾਂ ਦੇਣ ਦੀ !

**ਔਰਤ ਸੂਤਰਧਾਰ:** ਇਸੇ ਤਰ੍ਹਾਂ ਸਾਡੇ ਪਸ਼ਆਂ ਵਿੱਚ ਵੀ ਬਹੁਤ ਵੰਨ ਸੁਵੰਨਤਾ ਸੀ ! ਸਾਡੇ ਇਥੇ ਦੁੱਧ ਜੋ ਪੈਦਾ ਹੁੰਦਾ ਸੀ ਉਹ ਸੀ ਉਹ ਸੀ ਬਹੁਤ ਸਾਰੀਆਂ ਬਿਮਾਰੀਆਂ ਦਾ ਰੋਗ ਰੋਧਕ , ਵਧਾਉਂਦਾ ਸੀ ਸਾਡੀ ਲੜਨ ਸ਼ਕਤੀ ਬਿਮਾਰੀਆਂ ਦੇ ਵਿਰੁੱਧ !

**ਮਰਦ ਸੂਤਰਧਾਰ:** ਹਾਂ ਸੀ ! ਸਾਡੇ ਦੁੱਧ ਦੀ ਕੇਸੀਨ 209 ਅਮੀਨੋ ਤੇਜ਼ਾਬਾਂ ਦੀ ਲੜੀ ਵਿੱਚ 67 ਸਥਾਨ ਤੇ ਸੀ ਪ੍ਰੋਲੀਨ ਜਿਸ ਕਰਕੇ ਉਸ ਵਿੱਚ ਸੀ ਬਿਮਾਰੀਆਂ ਵਿਰੁਧ ਲੜਨ ਸ਼ਕਤੀਤੇ ਉਸ ਕੇਸੀਨ ਨੂੰ ਕਹਿੰਦੇ ਸਨ ਬੀਟਾ -ਏ -2 ਕੇਸੀਨ ਪਰ ਦੋਗਲੀਆਂ ਗਾਵਾਂ ਦੇ ਦੁੱਧ ਵਿੱਚ ਹੈ ਪ੍ਰੋਲੀਨ ਦੀ ਥਾਂ ਹਿਸਟੇਡੀਨ ਜਿਸ ਕਰਕੇ ਇਹ ਬਣ ਗਈ ਨੁਕਸਾਨਦਾਇਕ !

**ਔਰਤ ਸੂਤਰਧਾਰ:** ਸਾਰੀ ਚਰਚਾ ਦਾ ਸਿੱਟਾ ਨਿਕਲਿਆ ਸੀ ਕਿ ਕਿਸੇ ਵੀ ਨਵੀਂ ਪੁਰਾਣੀ ਤਕਨੀਕ ਨੂੰ ਪਿਛਲੱਗ ਬਣ ਕੇ , ਕਿਸੇ ਦੇ ਪ੍ਰਭਾਵ ਹੇਠ ਅਪਣਾਉਣ ਦੀ ਥਾਂ ਵਿਗਿਆਨਕ ਤੌਰ ਤੇ ਚੰਗੀ ਤਰ੍ਹਾਂ ਵੇਖ ਪਰਖ ਕੇ ਠਰ੍ਹੰਮੇ ਨਾਲ ਹੀ ਅਪਣਾਉਣ ਬਾਬਤ ਕਦਮ ਉਠਾਉਣੇ ਚਾਹੀਦੇ ਹਨ !

**ਮਰਦ ਸੂਤਰਧਾਰ:** ਇਹ ਵੀ ਜਰੂਰੀ ਹੈ ਕਿ ਮੁਸ਼ਕਲਾਂ ਨਾਲ ਪੈਦਾ ਕੀਤੀਆਂ ਫਸਲਾਂ ਨੂੰ ਖਾਧ -ਖੁਰਾਕ ਦੀਆਂ ਵਸਤਾਂ ਨੂੰ ਸੰਭਲ ਕੇ ਵਰਤਿਆ ਜਾਵੇ !

**ਔਰਤ ਸੂਤਰਧਾਰ:** ਚਮਨ ਨੂੰ ਵੀਰਾਨ ਹੋਣ ਤੋਂ ਬਚਾਉਣ ਦੇ ਵਾਸਤੇ ਜਰੂਰੀ ਹੈ ਕਿ ਭੋਜਨ ਪਦਾਰਥਾਂ ਨੂੰ ਫਾਲਤੂ ਨਸ਼ਟ ਨਾ ਕੀਤਾ ਜਾਵੇ ਤੇ ਖਰਾਬ ਕਰ ਕਰ ਕੇ ਨਾ ਸੁਟਿਆ ਜਾਵੇ !

**ਮਰਦ ਸੂਤਰਧਾਰ:** ਹਾਂ ! ਫਸਲਾਂ ਦੀ ਵਾਢੀ ਵੇਲੇ, ਢੋ ਢੁਆਈ ਵੇਲੇ, ਅਨਾਜ ਕੱਢਣ , ਢੋਣ ਭੰਡਾਰਨ ਵੇਲੇ ਅਜਾਈਂ ਜਾਣ ਤੋਂ ਰੋਕਨ ਨਾਲ ਵੀ ਬਹੁਤ ਸਾਰੇ ਸ੍ਰੋਤ ਬਚ ਸਕਦੇ ਹਨ !

**ਔਰਤ ਸੂਤਰਧਾਰ:** ਪਰ ਸਾਰਾ ਦਿਨ ਸੁਰੱਖਿਅਣ ਮੁਹਿੰਮਾਂ ਰਾਹੀਂ ਕੇਵਲ ਵਿਅਕਤੀਗਤ ਗਤੀਵਿਧੀਆਂ ਤੇ ਜੋਰ ਦੇਈ ਜਾਣਾ ਕੋਈ ਬਹੁਤਾ ਵਿਗਿਆਨਕ ਤਰੀਕਾ ਨਹੀਂ ਤੇ ਨਾ ਹੀ ਇਹ ਕੋਈ ਬਹੁਤਾ ਕਾਰਗਰ ਤਰੀਕਾ ਹੈ !

**ਮਰਦ ਸੂਤਰਧਾਰ:** ਹਾਂ ਪ੍ਰਭਾਣੀ ! ਗੱਲ ਤਾਂ ਤੇਰੀ ਠੀਕ ਆ ! ਹੁਣ ਜੇ ਕੰਪਨੀਆਂ ਦੇ ਅੰਧਾ ਧੁੰਦ ਪ੍ਰਚਾਰ ਨਾਲ ਨਿੱਤ

ਨਵੀਆਂ ਤੇ ਵੱਡੀਆਂ ਵੱਡੀਆਂ ਕਾਰਾਂ ਆਉਂਦੀਆਂ ਰਹਿਣਗੀਆਂ ਅਤੇ ਜਨਤਕ ਵਾਹਣਾਂ ਨੂੰ ਸੁਵਿਧਾਜਨਕ ਬਣਾਉਣ ਵਾਸਤੇ ਨੀਤੀਗਤ ਫੈਸਲੇ ਤੇ ਯਤਨ ਨਹੀਂ ਹੋਣਗੇ ਤਾਂ ਪੈਟਰੋਲ ਦੀ ਖਪਤ ਕੇਵਲ ਪ੍ਰਚਾਰ ਨਾਲ ਕਿੰਨੀ ਕੁ ਘਟੇਗੀ ?

**ਔਰਤ ਸੂਤਰਧਾਰ:** ਆਹੋ! ਬੱਸ ਉੱਠ ਤੋਂ ਛਾਲਣੀ ਲਾਹੁਣ ਦੇ ਬਰਾਬਰ !

**ਮਰਦ ਸੂਤਰਧਾਰ:** ਇਸੇ ਕਰਕੇ ਤਾਂ ਸਮਝ ਬਣ ਰਹੀ ਹੈ ਕਿ ਨਿਜੀ ਹਿਤ ਸਮੂਹਿਕ ਹਿਤਾਂ ਦੇ ਉਪਰ ਨਹੀਂ ਰੱਖੇ ਜਾ ਸਕਦੇ !

**ਔਰਤ ਸੂਤਰਧਾਰ:** ਆਹੋ ਜੀ ! ਜਦ ਅੰਧਾ-ਧੁੰਦ ਆਧੁਨਿਕ ਤਕਨੀਕ ਦੀ ਜਾਇਆ ਹੋਣ ਦੀ ਪੱਧਰ ਤੱਕ ਵਰਤੋਂ ਨੂੰ ਤੇ ਇਸ ਨਾਲ ਕੁਦਰਤ ਦੇ ਨਾਲ ਹੋ ਰਹੇ ਖਿਲਵਾੜ ਦੀ ਰੋਕ ਥਾਮ ਦੀ ਕੋਸ਼ਿਸ਼ ਨੂੰ ਕਈ ਮਾਹਰ ਵਿਕਾਸ ਤੇ ਤਕਨਾਲੋਜੀ ਵਿਰੁੱਧ ਕਹਿੰਦੇ ਨੇ , ਤਦ ਉਹ ਅਚੇਤ ਜਾਂ ਸੁਚੇਤ ਤੌਰ ਤੇ ਸੱਚ ਤੋਂ ਮੂੰਹ ਮੋੜ ਕੇ ਕੂੜ-ਪ੍ਰਚਾਰ ਕਰ ਰਹੇ ਹੁੰਦੇ ਹਨ !

**ਮਰਦ ਸੂਤਰਧਾਰ:** ਹਾਂ ਜੀ ਅੱਜ ਦੇ ਅੰਧਾ ਧੁੰਦ ਕੁਦਰਤ ਵਿਰੋਧੀ ਵਿਕਾਸ ਮਾਡਲ ਨੇ ਵਿਸਾਰ ਛੱਡਿਆ ਹੈ ਇਹ ਤੱਥ ਕਿ ਕਦਰਤ ਵਿੱਚ ਪਦਾਰਥ ਤੇ ਊਰਜਾ ਹੁੰਦਾ ਰਹਿੰਦਾ ਹੈ ਬਦਲਾਅ ਹਰ ਵਕਤ ! ਪਰ ਸਮਾ ਚਾਹੀਦਾ ਹੈ ਇਸ ਬਦਲਾਅ ਦੇ ਲਈ !

**ਔਰਤ ਸੂਤਰਧਾਰ:** ਬੱਸ ਇਹੀ ਸਮੇ ਦੀ ਅਣਹੋਂਦ ਦੇ ਕਾਰਨ ਤਾਂ ਡੱਗ ਮਗਾ ਗਿਆ ਹੈ ਸਾਰਾ ਹੀ ਤੰਤਰ ਇਸ ਕੁਦਰਤੀ ਸੰਤੁਲਨ ਦਾ, ਨੁਕਸਾਨ ਹੋ ਰਿਹਾ ਹੈ ਭਾਂਤ ਭਾਂਤ ਦੇ ਕੁਦਰਤੀ ਚੱਕਰਨ ਨੂੰ !

**ਮਰਦ ਸੂਤਰਧਾਰ:** ਵਰਤੋ ਤੇ ਸੁਟੋ ਵਾਲੀ ਜੀਵਣ ਸ਼ੈਲੀ ਕਰ ਰਹੀ ਹੈ ਕੁਦਰਤ ਦਾ ਦੋਹਣ ਤੇ ਫੇਲਾ ਰਹੀ ਹੈ ਅਮਤਾਂ ਦਾ ਪ੍ਰਦੂਸ਼ਣ ਵੀ !

**ਔਰਤ ਸੂਤਰਧਾਰ:** ਹਾਂ ਜੀ ! ਕੁਦਰਤ ਦੀਆਂ ਦਾਤਾਂ ਦੀ ਅੰਧਾ ਧੁੰਦ ਵਰਤੋਂ ਨਹੀਂ ਦਿੰਦੀ ਮੁੜ ਭਰਾਈ ਦਾ ਵਕਤ ਅਤੇ ਬੇਵਹਾ ਦਾ ਕੂੜਾ ਵੀ ਹੁੰਦਾ ਜਾਂਦਾ ਹੈ ਇਕੱਠਾ , ਮਿਲਦਾ ਨਹੀਂ ਉਸਨੂੰ ਵਿਘਟਣ ਦਾ ਸਮਾ ਤੇ ਸਾਧਨ !

**ਮਰਦ ਸੂਤਰਧਾਰ:** ਸਮਾਜਕ ਪੱਧਰ ‘ਤੇ ਅਤੇ ਨੀਤੀਗਤ ਪੱਧਰ ਉਪਰ ਕੁਦਰਤੀ ਦਾਤਾਂ ਦੀ ਬਰਬਾਦੀ ਰੋਕਣ ਦੇ ਅਮਲਾਂ ਨੂੰ ਨਹੀਂ ਤੋਲਿਆ ਜਾ ਸਕਦਾ ਚਾਂਦੀ ਦੇ ਸਿੱਕਿਆਂ ਦੇ ਤਰਾਜੂ ਦੇ ਵਿੱਚ !

**ਔਰਤ ਸੂਤਰਧਾਰ:** ਬਰਬਾਦੀ ਤਾਂ ਬਹੁਤ ਹੋ ਰਹੀ ਹੈ , ਪਰ ਇਸ ਨੂੰ ਰੋਕੇ ਕੌਣ ? ਅਮੀਰ ਤੇ ਤਕੜੇ ਮੁਲਕ ਤਾਂ ਸਗੋਂ ਇਸ ਬਰਬਾਦੀ ਨੂੰ ਅਜੇ ਤੱਕ ਰੋਕਣ ਤੋਂ ਵੀ ਆਕੀ ਹੁੰਦੇ ਜਾਂਦੇ ਹਨ !

**ਮਰਦ ਸੂਤਰਧਾਰ:** ਹਾਂ ! ਇਕੱਲਾ ਅਮਰੀਕਾ ਹੀ ਕੁਲ ਦੁਨੀਆਂ ਦੀ ਭੋਜਨ ਦੀ ਲੋੜ ਦੇ 40% ਦੇ ਬਰਬਾਰ ਭੋਜਨ ਪਦਾਰਥ ਕਰ ਦਿੰਦਾ ਹੈ ਬਰਬਾਦ ਤੇ ਜਾਇਆ ।

**ਔਰਤ ਸੂਤਰਧਾਰ:** ਭੁੱਖਮਰੀ ਵੀ ਤੇ ਪ੍ਰਦੂਸ਼ਣ ਵੀ !

**ਮਰਦ ਸੂਤਰਧਾਰ:** ਪਰ ਪੈ ਜਾਂਦਾ ਹੈ ਕਾਫੀ ਅੰਤਰ ਛੋਟੀਆਂ ਛੋਟੀਆਂ ਕੋਸ਼ਿਸਾਂ ਦੇ ਨਾਲ ਵੀ !

**ਔਰਤ ਸੂਤਰਧਾਰ:** ਹਾਂ ਸਹੀ ਫਰਮਾਇਆ ਪ੍ਰਭਾ ! ਸੰਜਮ ਨਾਲ ਵਰਤੋ , ਮੁੜ ਵਰਤੋ , ਪੁਨਰ – ਚਕਰੀਕਰਨ ਕਰਕੇ ਵਰਤੋ ਦੀ ਜੀਵਣ ਸ਼ੈਲੀ ਦਾ ਕਾਫੀ ਹੋ ਸਕਦਾ ਹੈ ਯੋਗਦਾਨ !

**ਮਰਦ ਸੂਤਰਧਾਰ:** ਪਰ ਇਸ ਪਧਤੀ ਦੇ ਲਈ ਵੀ ਜਰੂਰੀ ਹਨ ਨੀਤੀਗਤ ਫੈਸਲੇ , ਨਿਯਮ ਤੇ ਅਮਲ !

**ਔਰਤ ਸੂਤਰਧਾਰ:** ਬੱਸ ਸਮਝ ਲਈਏ ਸਾਰੇ!ਕਿ ਜੇ ਕਰ ਨਾ ਸਮਝੇ ਤਾਂ ਕੁਦਰਤ ਵਿਖਾਏਗੀ ਆਪਣਾ ਰੌਦਰ ਰੂਪ !

ਪ੍ਰਲੋ ! ਮਹਾ ਪ੍ਰਲੋ ! ਮੁੜ ਨਵੀਂ ਰਚਨਾ , ਪਰ ਤਦ ਅਸੀਂ ਨਹੀਂ ਹੋਵਾਂਗੇ ਉਸਨੂੰ ਵੇਖਣ ਦੇ ਲਈ !

**ਮਰਦ ਸੂਤਰਧਾਰ:** ਅਸੀਂ ਕੁਦਰਤੀ ਤੰਤਰ ਦੇ ਤਾਣੇ ਬਾਣੇ ਦੇ ਨਾਲ ਨਾਲ ਧਰਤੀ ਦਾ ਚਿਹਰਾ ਮੁਹਰਾ ਵੀ ਤੇ ਇਸਦੀ ਵਰਤੋਂ ਵੀ ਬਦਲ ਦਿੱਤੀ ।

**ਔਰਤ ਸੂਤਰਧਾਰ:** ਮਨੁੱਖੀ ਵਰਤੋਂ ਦੇ ਨਾਮ ਤੇ ਰੋਕ ਦਿੱਤੇ ਜਲ ਵਹਾਅ ਦੇ ਕੁਦਰਤੀ ਮਾਰਗ, ਪਾ ਦਿੱਤਾ ਮੱਠਾ ਦਰਿਆਵਾਂ ਦਾ ਵਹਿਣ, ਬਣਾ ਕੇ ਥਾਂ ਥਾਂ ਤੇ ਵੱਡੇ ਵੱਡੇ ਡੈਮ, ਉਹ ਵੀ ਬਿਨਾ ਪ੍ਰਸਿਥਿਤਿਕ ਤੰਤਰ ਤੇ ਧਿਆਨ ਦਿੱਤੇ!

**ਮਰਦ ਸੂਤਰਧਾਰ:** ਆ ਰਹੇ ਨੇ ਭਿਆਨਕ ਹੜ੍ਹ , ਮਚਾ ਰਹੇ ਨੇ ਤਬਾਹੀ, ਇਸੇ ਕਾਰਨ ! ਪੰਜਾਬ ਵਿੱਚ ਚੌੜੀਆਂ ਸੜਕਾਂ ਤੇ ਪੁਲਾਂ ਦੁਆਰਾ ਰੁੱਖਾਂ ਦੇ ਵਢਾਂਗੇ ਨੇ ਤੇ ਪਿੰਡਾਂ ਦੇ ਟੋਭਿਆਂ ਦੇ ਪੂਰ ਦਿੱਤੇ ਜਾਣ ਨੇ , ਪੈਦਾ ਕੀਤਾ ਹੈ ਮੌਕਾ ਹੜ੍ਹਾਂ ਰਾਹੀਂ ਬੇਤਹਾਸ਼ਾ ਤਬਾਹੀ ਦਾ !

**ਔਰਤ ਸੂਤਰਧਾਰ:** ਇਸਦੇ ਕਾਰਨ ਹੀ ਪਾਣੀ ਦੀ 1931 ਵਾਲੀ 5177 ਘਣ ਮੀਟਰ ਪ੍ਰਤੀ ਜੀਅ ਵਾਲੀ ਉਪਲਬਧਤਾ ਘਟ ਕੇ 1600 ਘਣ ਮੀਟਰ ਪ੍ਰਤੀ ਜੀਅ ਰਹਿ ਗਈ !

**ਮਰਦ ਸੂਤਰਧਾਰ:** ਮੀਹਾਂ ਵਿੱਚ ਚਟਾਨਾ ਗਿੱਗਣ ਦੀਆਂ , ਬੇਮੌਸਮੀ ਤੇ ਬੇਨਿਯਮਤ ਮੀਹਾਂ ਦੀਆਂ ਘਟਨਾਵਾਂ ਦਾ ਹੋ ਰਿਹਾ ਹੈ ਵਾਧਾ ਇਸੇ ਕਾਰਨ ! ਉਤਰਾਖੰਡ ਦੇ ਬਦਰੀਨਾਥ ਦੀ ਘਟਨਾ ਸੀ ਇਸੇ ਬੇਪਰਵਾਹੀ ਦਾ ਨਤੀਜਾ !

…………**ਦ੍ਰਿਸ਼ ਬਦਲਾਅ ਸੰਗੀਤ** …………

**ਦ੍ਰਿਸ਼ -2**

(ਸਮੁੰਦਰ ਕਿਨਾਰੇ ਬੈਠੇ ਦੋਵੇਂ ਸੂਤਰਧਾਰ…ਔਰਤ ਸੂਤਰਧਾਰ ਛੇੜਦੀ ਹੈ ਕਹਾਣੀ ਸਮੁੰਦਰਾਂ ਦੀ ਵੰਨ ਸੁਵੰਨਤਾ ਦੀ!)

**ਔਰਤ ਸੂਤਰਧਾਰ:** ਧਰਤੀ ਦੀ ਤਰ੍ਹਾਂ ਹੀ ਅਹਿਮ ਹੈ ਵੰਨ -ਸੁਵੰਨਤਾ ਸਮੁੰਦਰਾਂ ਦੀ !

**ਮਰਦ ਸੂਤਰਧਾਰ:** ਹਾਂ ! ਸਮੁੰਦਰ ਦੀਆਂ ਗਹਿਰਾਈਆਂ ਵਿੱਚ ਵਸ ਰਿਹਾ ਹੈ ਕੌਤਕੀ ਜੀਵ ਸੰਸਾਰ !

**ਔਰਤ ਸੂਤਰਧਾਰ:** ਹਾਂ ਜੀ ਉਥੇ ਨੇ ਵੱਡੇ ਵੱਡੇ ਦੰਦਾਂ ਵਾਲੀਆਂ, ਸਿਰ ਤੇ ਚਮਕਦੇ ਗੋਲਿਆਂ ਵਾਲੀਆਂ ਤੇ ਲਾਲਾ ਲਾਲ ਝੀਂਗਾ ਮੱਛੀਆਂ! ਰੰਗ-ਬਰੰਗੇ, ਚਮਕਦੇ, ਝਿਲਮਿਲਾਉਂਦੇ ਸਮੁੰਦਰੀ ਜੀਵ !

**ਮਰਦ ਸੂਤਰਧਾਰ:** ਉਥੇ ਜੀਵ ਨੇ ਇੱਕ ਦੂਜੇ ਦਾ ਖਾਜਾ , ਪਰ ਬੁਰਕ ਮਾਰ ਕੇ ਕੋਈ ਨਹੀਂ ਸੁੱਟਦਾ ! ਹਰ ਇੱਕ ਨੇ ਢਾਲਿਆ ਹੈ ਆਪਣੇ ਆਪ ਨੂੰ ਆਪਣੇ ਬਚਾਓ ਦੇ ਵਾਸਤੇ ਵੀ ! ਇਹੀ ਹੈ ਇਸਦੀ ਖੂਬਸੂਰਤੀ ਵੀ !

**ਔਰਤ ਸੂਤਰਧਾਰ:** ਸੰਮੁਦਰ ਵਿੱਚ ਨੇ ਹਾਈਡਰੋ ਥਰਮਲ ਵੈਂਟ (ਜਲ-ਤਾਪ ਚਿਮਨੀਆਂ) ਜਿਨ੍ਹਾਂ ਵਿੱਚੋਂ ਨਿਕਲਦਾ ਹੈ ਜਵਾਲਾਮੁਖੀ ਚਟਾਨਾਂ ਦਾ ਗਰਮ ਪਾਣੀ !

**ਮਰਦ ਸੂਤਰਧਾਰ:** ਇਸੇ ਸਮੁੰਦਰ ਵਿੱਚ ਹੈ ਸੱਭ ਤੋਂ ਵੱਡਾ ਜਾਨਵਰ ਨੀਲੀ ਵੇਲ੍ਹ, ਸੌ ਫੁੱਟ ਤੋਂ ਜ਼ਿਆਦਾ ਲੰਮੀ ! ਖਾਂਦੀ ਹੈ ਛੋਟੇ-ਛੋਟੇ ਸਮੁੰਦਰੀ ਜੀਵਾਂ ਨੂੰ ਹੀ ! ਹਰ ਰੋਜ ਚਾਰ ਕਰੋੜ ਕਰਿਲਾਂ ਨੇ ਇਸਦਾ ਖਾਜਾ !

**ਔਰਤ ਸੂਤਰਧਾਰ:** ਪਰ ਸਾਗਰ ਹੋ ਰਹੇ ਨੇ ਪ੍ਰਦੂਸ਼ਿਤ! ਉਤਰੀ ਪ੍ਰਸ਼ਾਂਤ ਮਹਾਸਾਗਰ ਵਿੱਚ ਗ੍ਰੇਟ ਗਾਰਬੇਜ ਪੈਚ ! ਮਨੁੱਖ ਵੱਲੋਂ ਸਮੁੰਦਰ ਵਿੱਚ ਸੁੱਟੇ ਕਚਰੇ ਦਾ ਢੇਰ !

**ਮਰਦ ਸੂਤਰਧਾਰ:** ਸਮੁੰਦਰੀ ਕੱਛੂ ਭੁਲੇਖੇ ਨਾਲ ਪਲਾਸਟਿਕ ਨੂੰ ਸਮਝ ਜਾਂਦੇ ਨੇ ਜੈਲੀ ਫਿਸ਼ ਤੇ ਲੈਂਦੇ ਨੇ ਖਾ ! ਮਰ ਜਾਂਦੇ ਨੇ ਪਲਾਸਟਿਕ ਖਾ ਕੇ !

**ਔਰਤ ਸੂਤਰਧਾਰ:** ਪੈਂਦਾ ਹੈ ਮਾੜਾ ਪ੍ਰਭਾਵ ਪੂਰੀ ਭੋਜਨ ਲੜੀ ਤੇ !

**ਮਰਦ ਸੂਤਰਧਾਰ:** ਸਮੁੰਦਰ ਵਿੱਚ ਪੇਤਲੇ ਪਾਣੀਆਂ ਵਿੱਚ ਨੇ ਹਰੀ ਕਾਈ ਕੈਲਪ ਦੇ ਜੰਗਲ ਵੀ ! ਲਗਦੇ ਨੇ ਪੌਦਿਆਂ ਦੇ ਵਾਂਗ ਹੀ !

**ਔਰਤ ਸੂਤਰਧਾਰ:** ਇਸ ਸਮੁੰਦਰ ਦੇ ਕੋਰਲਾਂ ਤੇ ਕਾਈਆਂ ਦਾ ਹੈ ਆਪਸੀ ਲੈਣ ਦੇਣ, ਭੋਜਨ ਤੇ ਸੁਰੱਖਿਆ ਦਾ!

**ਮਰਦ ਸੂਤਰਧਾਰ:** ਰਿਸ਼ਤਾ ਹੈ ਗਹਿਰਾ ਇਨ੍ਹਾਂ ਸਮੁੰਦਰੀ ਜਾਨਵਰਾਂ ਦਾ ਆਪਸ ਵਿੱਚ ! ਇੱਕ ਦੇ ਮਿਟਣ ਨਾਲ ਖਤਮ ਹੋ ਸਕਦੇ ਨੇ ਹੋਰ ਕਈ ਸਾਰੇ !

**ਔਰਤ ਸੂਤਰਧਾਰ:** ਮਹੱਤਵ ਹੈ ਸਾਡੇ ਜੀਵਣ ਵਿੱਚ ਸਮੁੰਦਰਾ ਦਾ ਬਹੁਤ ਜਿਆਦਾ ! ਹੁੰਦਾ ਹੈ ਵਪਾਰ ਇਨ੍ਹਾਂ ਦੀਆਂ ਬੰਦਰਗਾਹਾਂ ਦੇ ਰਾਹੀਂ ਹੀ ! ਘੁੱਗ ਵਸਦੇ ਸ਼ਹਿਰ ਸਨ ਇਨ੍ਹਾਂ ਤਟਾਂ ‘ਤੇ ਸਾਡੇ ਭਾਰਤ ਵਿੱਚ ਵੀ !

**ਮਰਦ ਸੂਤਰਧਾਰ:** ਭਾਰਤ ਦਾ ਸਢੇ ਸੱਤ ਹਜਾਰ ਕਿਲੋ ਮੀਟਰ ਦਾ ਸਮੁੰਦਰੀ ਤਟ ਹੈ ਇਸਦੀ ਆਰਥਕਤਾ ਦੀ ਰੀੜ੍ਹ ਦੀ ਹੱਡੀ !

**ਔਰਤ ਸੂਤਰਧਾਰ:** ਕਰੋੜਾਂ ਲੋਕਾਂ ਦੀ ਰੋਜੀ ਰੋਟੀ ਜੁੜੀ ਸਮੁੰਦਰ ਦੇ ਨਾਲ ! ਪਰ ਹੁਣ ਸੰਕਟ ਆ ਗਿਆ ਮੱਛੀਆਂ ਉਪਰ। ਵੱਡੇ ਵੱਡੇ ਟਰਾਲਿਆਂ ਤੇਜਾਲਾਂ ਨਾਲ ਮੱਛੀਆਂ ਫੜਣ ਕਰਕੇ ਪੂੰਗ ਖਤਮ ਹੋਣ ਕਰਕੇ , ਨਿਕੀਆਂ ਮੱਛੀਆਂ ਫੜਨ ਕਰਕੇ ਮੁੱਕ ਰਹੀਆਂ ਨੇ ਮੱਛੀਆਂ !

**ਮਰਦ ਸੂਤਰਧਾਰ:** ਖੁੱਸ ਗਿਆ ਧੰਦਾ ਮਛੇਰਿਆਂ ਦਾ, ਬਿਕ ਗਈਆਂ ਉਨ੍ਹਾਂ ਦੀਆਂ ਬੇੜੀਆਂ ਤੇ ਜਾਲ ! ਬਣ ਗਏ ਉਹ ਮਛੇਰਿਆਂ ਤੋਂ ਮਜਦੂਰ, ਵੱਡੇ ਖਿਲਾੜੀਆਂ, ਉਦਯੋਗਪਤੀਆਂ ਤੇ ਵਪਾਰੀਆਂ ਦੇ !

**ਔਰਤ ਸੂਤਰਧਾਰ:** ਕੇਵਲ ਇਥੇ ਹੀ ਬੱਸ ਨਹੀਂ! ਹੁਣ ਤਾਂ ਇਹ ਮਰ ਰਹੀਆਂ ਨੇ ਸਮੁੰਦਰੀ ਪ੍ਰਦੂਸ਼ਣ ਦੇ ਕਾਰਨ ਵੀ !

**ਮਰਦ ਸੂਤਰਧਾਰ:** ਹਾਂ ! ਉਦਯੋਗਾਂ ਦਾ ਗੰਦਾ ਪਾਣੀ ਧਾਤਾਂ ਤੇ ਰਸਾਇਣਾਂ ਨਾਲ ਲੱਦਿਆ ਪਾਣੀ ਕਰ ਰਿਹਾ ਹੈ ਨਸ਼ਟ ਸਮੁੰਦਰੀ ਪਰਿਆਵਰਣੀ ਤੰਤਰ ਨੂੰ !

**ਔਰਤ ਸੂਤਰਧਾਰ:** ਆਹੋ ਜੀ ! ਹੁਣ ਤਾਂ ਵੱਡੀਆਂ ਮਸ਼ੀਨਾਂ ਨਾਲ ਬੇਰੋਕ ਟੋਕ ਰੇਤ ਦੇ ਖਣਨ ਕਾਰਨ ਵੀ ਸਮੁਧਰ ਦਾ ਵਿਗੜ ਰਿਹਾ ਹੈ ਤਵਾਜਨ ! ਖਤਮ ਹੋ ਰਹੇ ਨੇ ਇਸਦੇ ਤਟ ਤੇ ਸੁੰਗੜ ਰਹੇ ਨੇ ਇਸਦੇ ਲਗੂਨ !

**ਮਰਦ ਸੂਤਰਧਾਰ:** ਲੈ ਬਈ ਭਾਗਮਾਨੇ ! ਉਦਯੋਗਾਂ ਦੇ ਗੰਦੇ ਨਿਕਾਸ ਦੇ ਸਮੁੰਦਰ ਵਿੱਚ ਪੈਣ ਨਾਲ ਮਰ ਰਹੇ ਨੇ ਉਥੋਂ ਦੇ ਜਲੀ ਬੂਟੇ, ਹੋ ਗਏ ਨੇ ਉਹ ਜਹਿਰੀਲੇ!

**ਔਰਤ ਸੂਤਰਧਾਰ:** ਖਾਂਦੀਆਂ ਨੇ ਇਨ੍ਹਾਂ ਜ਼ਹਿਰੀਲੇ ਜਲੀ ਪੌਦਿਆਂ ਨੂੰ ਮੱਛੀਆਂ, ਹੋ ਗਈਆਂ ਉਹ ਵੀ ਜਹਿਰੀਲੀਆਂ !

**ਮਰਦ ਸੂਤਰਧਾਰ:** ਪ੍ਰਭਾਣੀ ! ਮੁੱਕਦੀ ਨਹੀਂ ਇੱਥੇ ਇਹ ਕਹਾਣੀ ! ਇਸਦੀ ਤਾਂ ਹੈ ਲੰਬੀ ਤੰਦ ਤਾਣੀ !

**ਔਰਤ ਸੂਤਰਧਾਰ:** ਹੈਂ ! ਲੰਬੀ ਤੰਦ ਤਾਣੀ ?

**ਮਰਦ ਸੂਤਰਧਾਰ:** ਹਾਂ ਲੰਬੀ ਤੰਦ ਤਾਣੀ ! ਅੱਗੇ ਚਲਦੀ ਹੈ ਕਹਾਣੀ ! ਇਨ੍ਹਾਂ ਨਿੱਕੀਆਂ -ਨਿੱਕੀਆਂ ਮੱਛੀਆਂ ਨੂੰ ਖਾਂਦੀਆਂ ਨੇ ਵੱਡੀਆਂ ਮੱਛੀਆਂ , ਭਰ ਜਾਂਦਾ ਹੈ ਉਨ੍ਹਾਂ ਵਿੱਚ ਵੀ ਜਹਿਰ !

**ਔਰਤ ਸੂਤਰਧਾਰ:** ਅੱਛਾ! ਹੁਣ ਸਮਝ ਆਇਆ! ਇਨ੍ਹਾਂ ਵੱਡੀਆਂ ਮੱਛੀਆਂ ਨੂੰ ਖਾਂਦੇ ਨੇ ਇਨਸਾਨ !

**ਮਰਦ ਸੂਤਰਧਾਰ:** ਹਾਂ ! ਬੱਸ ਬਣ ਗਈ ਨਾ ਲੰਬੀ ਡੋਰ ਸਮੁੰਦਰੀ ਪੌਦਿਆਂ ਤੋਂ ਇਨਸਾਨਾਂ ਤੱਕ ਫੈਲਦੇ ਜਹਿਰ ਦੀ !

**ਔਰਤ ਸੂਤਰਧਾਰ:** ਇਹ ਸੱਭ ਕੁੱਝ ਹੋ ਰਿਹਾ ਹੈ ਬਾਵਜੂਦ ਇਸ ਗੱਲ ਦੇ ਕਿ ਸਰਕਾਰ ਨੇ ਕਾਨੂੰਨ ਬਣਾਏ ਹੋਏ ਹਨ ਕਿ ਸਮੁੰਦਰ ਵਿੱਚ ਕਚਰਾ ਨਾ ਸੁਟਿਆ ਜਾਵੇ , ਬਿਨਾ ਸਾਫ ਕੀਤੇ ਉਦਯੋਗਾਂ ਦਾ ਪਾਣੀ ਨਾ ਸੁਟਿਆ ਜਾਵੇ, ਬ੍ਰੀਡਿੰਗ

ਰੁੱਤ ਵਿੱਚ ਮੱਛੀਆਂ ਨਾ ਫੜੀਆਂ ਜਾਣ !

**ਮਰਦ ਸੂਤਰਧਾਰ:** ਹਾਂ ! ਇਸਦੇ ਨਾਲ ਹੀ ਕਈ ਸਮੁੰਦਰੀ ਖੇਤਰ ਸੁਰੱਖਿਅਤ ਐਲਾਨੇ ਗਏ ਨੇ ਤੇ ਸਮੁੰਦਰੀ ਜੀਵਾਂ ਦੀਆਂ ਰੱਖਾਂ ਵਜੋਂ 31 ਸਮੁੰਦਰੀ ਪਾਰਕ ਵੀ ਵਿਕਸਿਤ ਕੀਤੇ ਨੇ !

**ਔਰਤ ਸੂਤਰਧਾਰ:** ਸਮੁੰਦਰ ਦੀ ਅਹਿਮੀਅਤ ਤਾਂ ਇਸੇ ਤੋਂ ਪਤਾ ਲੱਗ ਜਾਂਦੀ ਹੈ ਕਿ ਸਾਡੀ ਇਸ ਧਰਤੀ ਤੇ ਤਾਂ ਜੀਵਣ ਦੀ ਸੁਰੂਆਤ ਹੀ ਕੋਈ 3 ਅਰਬ ਸਾਲ ਪਹਿਲਾਂ ਸਮੁੰਦਰ ਵਿੱਚ ਹੀ ਹੋਈ ਸੀ !

**ਮਰਦ ਸੂਤਰਧਾਰ:** ਧਰਤੀ ਤੇ ਜੀਵਣ ਦੀ ਸੁਰੂਆਤ ਵਾਸਤੇ ਲੋੜੀਂਦੀ ਆਕਸੀਜਨ ਵੀ ਤਾਂ ਸਮੁੰਦਰ ਦੇ ਫਾਈਟੋ-ਪਲੈਂਕਟਨਾਂ ਵੱਲੋਂ ਕੀਤੇ ਪ੍ਰਕਾਸ਼ ਸੰਸਲੇਸ਼ਣ ਕਾਰਨ ਹੀ ਆਈ !

**ਔਰਤ ਸੂਤਰਧਾਰ:** ਇਸੇ ਪ੍ਰਕਿਰਿਆ ਦੌਰਾਨ ਵਿਕਾਸ ਹੁੰਦੇ ਹੁੰਦੇ ਇਥੇ ਪੈਦਾ ਹੋ ਗਏ ਵਿਸ਼ਾਲ ਕਾਇ ਡਾਇਨਾਸੋਰ! ਉਨ੍ਹਾਂ ਦੇ ਸਰੀਰ ਦਾ ਐਡਾ ਵੱਡਾ ਆਕਾਰ ਜਰੂਰੀ ਸੀ ਉਨ੍ਹਾਂ ਦੇ ਆਪਣੇ ਆਪ ਨੂੰ ਧਰਤੀ ਦੇ ਤਾਪਮਾਨ ਦੇ ਅਨੁਕੂਲ ਬਣਾਉਣ ਦੇ ਵਾਸਤੇ !

**ਮਰਦ ਸੂਤਰਧਾਰ:**ਹਾਂ ! ਇਸੇ ਤਰ੍ਹਾਂ ਸਮੁੰਦਰੀ ਕੇਕੜੇ ਵੀ ਤਾਂ ਜਿਆਦਾ ਸਮਾ ਧਰਤੀ ਤੇ ਰਹਿੰਦੇ ਨੇ , ਹੋ ਸਕਦਾ ਹੈ ਭਵਿੱਖ ਵਿੱਚ ਇਹ ਸਮੁੰਦਰ ਦੀ ਥਾਂ ਧਰਤੀ ਦੇ ਹੀ ਜੀਵ ਬਣ ਜਾਣ !

**ਔਰਤ ਸੂਤਰਧਾਰ:** ਹਾਂ ਜੀ! ਤਾਂ ਹੀ ਤਾਂ ਕਹਿੰਦੇ ਨੇ ਕਿ ਸਮੁੰਦਰ ਦੀ ਮਹੱਤਤਾ ਕੇਵਲ ਮਛੇਰਿਆਂ ਵਾਸਤੇ ਹੀ ਨਹੀਂ ਸਗੋਂ ਸਮੁੰਦਰ ਤਾਂ ਸਾਰੇ ਜੀਵਾਂ ਵਾਸਤੇ ਬਹੁਤ ਅਹਿਮ ਹੈ !

**ਮਰਦ ਸੂਤਰਧਾਰ:** ਆਹੋ ਜੀ ਸਮੁੰਦਰੀ ਤੁਫਾਨਾਂ ਵਿੱਚ ਵੀ ਇਸਦਾ ਪ੍ਰਸਿਥਿਤਕ ਤੰਤਰ ਸਹਾਈ ਹੁੰਦਾ ਹੈ ਨੁਕਸਾਨ ਨੂੰ ਘਟਾਉਣ ਵਿੱਚ !

**ਔਰਤ ਸੂਤਰਧਾਰ:** ਹੁਣ ਤਾਂ ਦਿੱਲੀ ਯੁਨੀਵਰਸਿਟੀ ਦੇ ਖੋਜੀਆਂ ਨੇ ਵੀ ਪੁਖਤਾ ਕਰ ਦਿੱਤਾ ਕਿ ਤਟੀ ਬਨਸਪਤੀਆਂ ਦੀ ਬਹੁਲਤਾ ਘਟਾਉਂਦੀ ਹੈ ਸਮੁੰਦਰੀ ਤੂਫਾਨਾਂ ਤੋਂ ਹੋਣ ਵਾਲੇ ਨੁਕਸਾਨ ਨੂੰ !

**ਮਰਦ ਸੂਤਰਧਾਰ:**ਸਾਗਰ ਮਚਾ ਦਿੰਦੇ ਨੇ ਦਿਲਾਂ ਵਿਚ ਹਲਚਲ, ਮਿਲਦੀ ਹੈ ਨਵੀਂ ਉਡਾਣ ਸਾਡੀਆਂ ਕਲਪਨਾਵਾਂ ਨੂੰ, ਸਾਡੀ ਆਤਮਾ ਹੁੰਦੀ ਹੈ ਖੁਸ਼ !

**ਔਰਤ ਸੂਤਰਧਾਰ:** ਹਾਂ ਜੀ ! ਪਰ ਦਿਲ ਦੀਆਂ ਗਹਿਰਾਈਆਂ ਤਾਂ ਸਮੁੰਦਰ ਤੋਂ ਵੀ ਹੁੰਦੀਆਂ ਨੇ ਡੂੰਘੀਆਂ !

**ਮਰਦ ਸੂਤਰਧਾਰ:** ਇਸੇ ਕਰਕੇ ਤਾਂ ਕਹਿੰਦੇ ਨੇ, “ਦਿਲ ਦਰਿਆ ਸਮੁੰਦਰੋਂ ਡੂੰਘੇ , ਕੌਣ ਦਿਲਾਂ ਦੀਆਂ ਜਾਣੇ ਜੀ!”

**ਔਰਤ ਸੂਤਰਧਾਰ:** ਇਹ ਵੀ ਇੱਕ ਸੱਚ ਹੈ ਕਿ ਸਮੁੰਦਰ ਕਿੰਨੀਆਂ ਹੀ ਪੀੜ੍ਹੀਆਂ ਦਾ ਪ੍ਰੇਰਣਾ ਸ੍ਰੋਤ ਰਹੇ ਨੇ ਤੇ ਇਨ੍ਹਾਂ ਦੀਆਂ ਗਹਿਰਾਈਆਂ ਵਿੱਚ ਛੁਪੇ ਬਹੁਤ ਸਾਰੇ ਭੇਦਾਂ ਦਾ ਤਾਂ ਅਜੇ ਵੀ ਨਹੀਂ ਮਨੁੱਖ ਨੂੰ ਗਿਆਨ !

**ਮਰਦ ਸੂਤਰਧਾਰ:** ਬੱਸ ! ਇਹੀ ਗੱਲ ਹੈ ਸਮਝਣ ਵਾਲੀ ਕਿ ਸਮੁੰਦਰ ਹੈ ਖਜਾਨਾ ਅਨੇਕਾਂ ਪਦਾਰਥਾਂ ਦਾ !

**ਔਰਤ ਸੂਤਰਧਾਰ:** ਲੱਗਦਾ ਹੈ ਕਿ ਸਮੁੰਦਰ ਮੰਥਨ ਦੀ ਪੁਰਾਤਨ ਕਹਾਣੀ ਵੀ ਇਹੀ ਸੰਦੇਸ਼ ਦੇਣ ਵਾਸਤੇ ਹੈ ਕਿ ਸਮੁੰਦਰ ਦੀਆਂ ਦਾਤਾਂ ਨੇ ਦੁਰਲੱਭ ਤੇ ਛੁਪੀਆਂ ਨੇ ਧੁਰ ਗਹਿਰਾਈਆਂ ਤੱਕ !

**ਮਰਦ ਸੂਤਰਧਾਰ:** ਪੀਣ ਦਾ ਪਾਣੀ ਹੈ ਅਨਮੋਲ ਵਸਤੂ ! ਉਹ ਵੀ ਮਿਲਦਾ ਹੈ ਸਮੁੰਦਰ ਦੀ ਬਦੌਲਤ ਹੀ ਚਲਦੇ ਸਦੀਵੀ ਜਲ ਚੱਕਰ ਦੇ ਰਾਹੀਂ ਹੀ !

**ਔਰਤ ਸੂਤਰਧਾਰ:** ਆਹੋ ਜੀ ! ਤਾਂ ਹੀ ਤਾਂ ਸੁਣਦੇ ਹਾਂ ਇੱਕ ਪਿਆਲਾ ਪਾਣੀ ਬਦਲੇ ਰਾਜ ਦੇਣ ਦੀ ਕਹਾਣੀ !

**ਮਰਦ ਸੂਤਰਧਾਰ:** ਬੱਸ ਇਸੇ ਸਮੁੰਦਰ ਦੀ ਹਲ ਚਲ ਚਾਲ ਢਾਲ ਤਾਪਮਾਨ ਦੇ ਬਦਲਾਅ ਕਾਰਨ ਆਉਂਦੇ ਰਹਿੰਦੇ ਨੇ ਅਲਨੀਨੋ ਤੇ ਲਾ-ਨੀਨਾ !

**ਔਰਤ ਸੂਤਰਧਾਰ:** ਪ੍ਰਭਾਵਤ ਕਰਦੇ ਨੇ ਜੋ ਮਾਨਸੂਨ ਪੌਣਾਂ ਨੂੰ ਤੇ ਉਨ੍ਹਾਂ ਤੋਂ ਹੋਣ ਵਾਲੀ ਜੀਵਣ ਦਾਨ ਦੇਣ ਵਾਲੀ ਵਰਖਾ ਨੂੰ !

**ਮਰਦ ਸੂਤਰਧਾਰ:** ਸੁੰਦਰਵਣ ਮੁਹਾਣਾ ਵੀ ਤਾਂ ਇਸੇ ਸਮੁੰਦਰ ਦੀ ਬਦੌਲਤ ਹੈ ! ਫੈਲਿਆ ਹੈ ਭਾਰਤ ਤੇ ਬੰਗਲਾ ਦੇਸ਼ ਦੇ ਵਿੱਚ, ਡਿਗਦੀਆਂ ਨੇ ਚਾਰ ਨਦੀਆਂ ਇਸ ਵਿੱਚ !

**ਔਰਤ ਸੂਤਰਧਾਰ:** ਹਾਂ ! ਗੰਗਾ , ਬ੍ਰਹਮਪੁਤਰ, ਪਦਮਾ ਤੇ ਮੇਘਨਾ ਵਰਗੀਆਂ ਵਿਸ਼ਾਲ ਨਦੀਆਂ ਜਾ ਰਲਦੀਆਂ ਨੇ ਸਮੁੰਦਰ ਦੇ ਨਾਲ ਇਸ ਮੁਹਾਣੇ ਦੁਆਰਾ !

**ਮਰਦ ਸੂਤਰਧਾਰ:** ਹਰਿਤ ਘਰ ਗੈਸਾਂ ਦੀ ਅੱਧੀ ਮਾਤਰਾ ਨੂੰ ਸੋਖਦੇ ਨੇ ਸਮੁੰਦਰ ਹੀ , ਪਰ ਹੁਣ ਪਰਿਆਵਰਣੀ ਬਦਲਾਵਾਂ ਕਾਰਨ ਤੇਜੀ ਨਾਲ ਵੱਧਦੀ ਕਾਰਬਨ ਡਾਈ ਅਕਸਾਈਡ ਤੇ ਮੀਥੇਨ ਦੀ ਮਾਤਰਾ ਹੋ ਰਹੀ ਹੈ ਇਨ੍ਹਾਂ ਸਾਗਰਾਂ ਦੇ ਵੀ ਵਸੋਂ ਬਾਹਰ !

**ਔਰਤ ਸੂਤਰਧਾਰ:** ਹਾਂ ! ਇਸੇ ਕਰਕੇ ਹੋ ਰਿਹਾ ਹੈ ਤੇਜਾਬੀ ਸਾਡੇ ਸਾਗਰਾਂ ਦਾ ਇਹ ਜਲ ! ਮਿੱਟੀ ਵੀ ਹੋ ਰਹੀ ਹੈ ਖਾਰੀ ਸੁੰਦਰਵਣ ਵਰਗੇ ਮੁਹਾਣਿਆਂ ‘ਤੇ ਵੀ !

**ਮਰਦ ਸੂਤਰਧਾਰ:** ਇਹੀ ਤਾਂ ਹੈ ਵੱਡੀ ਤ੍ਰਾਸਦੀ ਸਾਡੇ ਕੁਦਰਤ ਵਿਰੋਧੀ ਵਿਕਾਸ ਦੀ !

**ਔਰਤ ਸੂਤਰਧਾਰ:** ਇਸੇ ਤ੍ਰਾਸਦੀ ਨੂੰ ਠੱਲ੍ਹ ਪਾਉਣ ਵਾਸਤੇ ਤਾਂ ਲੋੜ ਹੈ ਸਾਗਰਾਂ ਨੂੰ ਬਚਾਉਣ ਦੀ , ਉਨ੍ਹਾਂ ਦੇ ਪ੍ਰਸਿਥਿਤਕ ਤੰਤਰ ਦੇ ਸੁਰੱਖਿਅਣ ਦੀ !

**ਮਰਦ ਸੂਤਰਧਾਰ:** ਇਸ ਵਾਸਤੇ ਲੋੜ ਹੈ ਸਮਝਦਾਰੀ ਦੀ !

**ਔਰਤ ਸੂਤਰਧਾਰ:** ਹਾਂ ਜੀ ! ਸਮਝਦਾਰੀ ਦੀ ਕਿ ਸਮੁੰਦਰ ਦਾ ਨਾ ਕਰੀਏ ਦੋਹਣ ਅੰਧਾ-ਧੁੰਦ !

**ਮਰਦ ਸੂਤਰਧਾਰ:** ਸਮਝਦਾਰੀ ਦੀ ਕਿ ਨਾ ਕਰੀਏ ਸਮੁੰਦਰ ਨੂੰ ਨਾਰਾਜ ਤੇ ਬਚੀਏ ਉਸਦੀ ਕਰੋਪੀ ਤੋਂ !

**ਔਰਤ ਸੂਤਰਧਾਰ:** ਨਾ ਵਧਣ ਦੇਈਏ ਉਤਸਰਜਨ ਹੱਦੋਂ ਵੱਧ ਹਰਿਤ ਘਰ ਗੈਸਾਂ ਦਾ ! ਜਿਸ ਕਰਕੇ ਵਧਦੇ ਨੇ ਚਕਰਵਾਤ ਤੇ ਮਚਾਉਂਦੇ ਨੇ ਤਬਾਹੀ !

**ਮਰਦ ਸੂਤਰਧਾਰ:** ਬਚਾਈਏ ਸਮੁੰਦਰੀ ਜੀਵਾਂ ਦੇ ਘਰਾਂ ਨੂੰ , ਰੈਣ ਬਸੇਰਿਆਂ ਨੂੰ ਬਾਟਮ ਟਰਾਲਿੰਗ ਨੈਟਾਂ ਨੂੰ ਰੋਕ ਕੇ !

**ਔਰਤ ਸੂਤਰਧਾਰ:** ਪਾਕ ਜਲ ਡਮਰੂ ਵਿੱਚ ਲਗਾਈ ਹੈ ਰੋਕ ਇਨ੍ਹਾਂ ‘ਤੇ ਹੁਣ ਭਾਰਤ ਨੇ ਜਦ ਸ੍ਰੀ ਲੰਕਾ ਵੱਲੋਂ ਇਸ ਮੁੱਦੇ ਨੂੰ ਉਠਾਇਆ ਗਿਆ !

**ਮਰਦ ਸੂਤਰਧਾਰ:** ਪੂੰਗ ਦੇ ਬਚਾਓ ਵਾਸਤੇ, ਇੱਕ ਨਿਸਚਿਤ ਆਕਾਰ ਤੋਂ ਛੋਟੀਆਂ ਮੱਛੀਆਂ ਫੜਣ ਤੇ ਰੋਕ ਲਗਾ ਕੇ, ਬ੍ਰੀਡਿੰਗ ਰੁੱਤ ਵਿੱਚ ਮੱਛੀ ਪਕੜਣ ਤੇ ਰੋਕ ਨਾਲ, ਬਾਟਮ ਟਰਾਲਿੰਗ ਨੈੱਟ ਤੇ ਰੋਕ ਨਾਲ ਸਮੁੰਦਰੀ ਤਲ ਤੇ ਰਹਿੰਦੇ ਜਲ ਜੀਵਾਂ ਦੇ ਰੈਣ ਬਸੇਰਿਆਂ ਨੂੰ ਨਸਟ ਹੋਣ ਤੋਂ ਬਚਾ ਕੇ ਅਸੀਂ ਬਚਾ ਸਕਦੇ ਹਾਂ ਸਮੁੰਦਰਾਂ ਨੂੰ ਤੇ ਇਨ੍ਹਾਂ ਦੇ ਪ੍ਰਸਥਿਤਕ ਤੰਤਰ ਨੂੰ ਵੀ !

**ਔਰਤ ਸੂਤਰਧਾਰ:** ਹਾਂ ! ਸਮੁੰਦਰੀ ਸੁਰੱਖਿਅਣ ਖੇਤਰ ਬਣਾ ਕੇ , ਜਲ ਜੀਵਾਂ ਵਾਸਤੇ ਸਮੁੰਦਰੀ ਰੱਖਾਂ ਬਣਾ ਕੇ ਅਸੀਂ ਬਚਾ ਸਕਦੇ ਹਾਂ ਸਮੁੰਦਰਾ ਦੇ ਤੰਤਰ ਨੂੰ !

**ਮਰਦ ਸੂਤਰਧਾਰ:** ਵੇਖੋ ਕੁਦਰਤ ਦਾ ਕਮਾਲ ਕਿ ਚਟਾਨਾਂ ਵਰਗੇ ਨਜ਼ਰ ਆਉਣ ਵਾਲੇ ਮੂੰਗੇ ਪਹਾੜ ਨਹੀਂ ਸਗੋਂ ਰੰਗ - ਬਰੰਗੇ ਸਮੁੰਦਰੀ ਜੀਵ ਹਨ !

**ਔਰਤ ਸੂਤਰਧਾਰ:** ਸਮੁੰਦਰ ਦਾ ਤਾਪਮਾਨ ਵਧਣ ਕਰਕੇ ਕਾਈਆਂ ਵੱਖ ਹੋ ਜਾਂਦੀਆਂ ਨੇ ਮੂੰਗਿਆਂ ਕੋਲੋਂ ਤੇ ਉਨ੍ਹਾਂ ਦਾ ਪੋਸ਼ਣ ਮੁੱਕਣ ਕਰਕੇ ਇਹ ਮੂੰਗੇ ਪੈ ਜਾਂਦੇ ਨੇ ਪੀਲੇ ਤੇ ਹੋ ਜਾਂਦੇ ਨੇ ਮਰੀਅਲ ਜਿਹੇ !

**ਮਰਦ ਸੂਤਰਧਾਰ:** ਹਾਂ ! ਇਸ ਵਰਤਾਰੇ ਨੂੰ ਰੋਕਣ ਵਾਸਤੇ ਰੋਕਣਾ ਪਵੇਗਾ ਸਮੁੰਦਰਾਂ ਦੇ ਤਾਪਮਾਨ ਦਾ ਵਧਣਾ ਜੋ ਹੋ ਰਿਹਾ ਹੈ ਵੱਧਦੀ ਆਲਮੀ ਤਪਸ਼ ਦੇ ਕਾਰਨ !

**ਔਰਤ ਸੂਤਰਧਾਰ:** ਆਹੋ ਜੀ ਹੁਣ ਰੁਖਾਂ ਦੀ ਕਟਾਈ ਕਾਰਨ, ਵਾਹਣਾਂ ਤੇ ਉਦਯੋਗਾਂ ਦੇ ਵਾਧੇ ਕਾਰਨ ਖਪਤ ਹੋ ਰਹੇ ਪਥਰਾਹਟੀ ਬਾਲਣਾਂ ਕਾਰਨ ਹਰਿਤ ਘਰ ਫ਼ਭਾਵ ਹੋ ਰਿਹਾ ਹੈ ਬਹੁਤ ਤੇਜ, ਜੋ ਹੈ ਘਾਤਕ ਸਾਡੇ ਸਾਗਰਾਂ ਦੇ ਲਈ ਵੀ!

**ਮਰਦ ਸੂਤਰਧਾਰ:** ਦਰਅਸਲ ਇਹੀ ਆਲਮੀ ਤਪਸ ਵਧਾ ਰਹੀ ਹੈ ਸਮੁੰਦਰ ਦੇ ਪਾਣੀ ਦਾ ਪੱਧਰ ਤੇਜੀ ਨਾਲ ਪਿਘਲਾ ਕੇ ਗਲੇਸ਼ੀਅਰਾਂ ਨੂੰ ਤੇ ਕਰ ਰਹੀ ਹੈ ਜਲਮਗਨ ਕਈ ਟਾਪੂਆਂ ਨੂੰ !

**ਔਰਤ ਸੂਤਰਧਾਰ:** ਹੁਣ ਤਾਂ ਸਮੁੰਦਰਾਂ ਦੇ ਤੰਤਰ ਦਾ ਅਹਿਮ ਹਿਸਾ ਸਦਾ ਬਹਾਰ ਜੰਗਲ ਵੀ ਹੋ ਰਹੇ ਨੇ ਖਤਮ !

**ਮਰਦ ਸੂਤਰਧਾਰ:** ਇਸੇ ਕਾਰਨ ਤਾਂ ਵੱਧ ਰਹੀ ਹੈ ਕਰੋਪੀ ਸਮੁੰਦਰ ਦੀ ! ਹੜ੍ਹ, ਸੁਨਾਮੀ ਤੇ ਭੂ-ਖੋਰ ਦੀ ਰੋਕ ਦੇ ਲਈ ਸਦਾਬਹਾਰ ਜੰਗਲ ਤਾਂ ਹਨ ਇੱਕ ਕੁਦਰਤੀ ਦੀਵਾਰ !

**ਔਰਤ ਸੂਤਰਧਾਰ:** ਇਹ ਸਦਾਬਹਾਰ ਜੰਗਲ ਤਾਂ ਮੱਛੀਆਂ ਦੀਆਂ ਕਈ ਪ੍ਰਜਾਤੀਆਂ ਦੇ ਬ੍ਰੀਡਿੰਗ ਗਰਾਉਂਡ ਵੀ ਨੇ !

**ਮਰਦ ਸੂਤਰਧਾਰ:** ਵੰਨ ਸੁਵੰਨੇ , ਰੰਗ ਬਰੰਗੇ ਜੀਵਾਂ ਨਾਲ ਭਰਿਆ ਇਹ ਸਮੁੰਦਰ ਇੱਕ ਅਦੁਭੁਤ ਸੰਸਾਰ ਹੈ ਜੋ ਖਤਰੇ ਵਿੱਚ ਗਿਆ ਹੈ ਪੈ ਉਨ੍ਹਾਂ ਮਨੁਖੀ ਗਤੀਵਿਧੀਆਂ ਕਾਰਨ ਜਿਨ੍ਹਾਂ ਤੇ ਲੱਗ ਸਕਦੀ ਹੈ ਰੋਕ !

**ਔਰਤ ਸੂਤਰਧਾਰ:** ਆਹੋ ਜੀ ਲੱਗ ਤਾਂ ਸਕਦੀ ਹੈ ! ਪਰ ਤੱਟ ਰੱਖਿਆ ਨਿਯਮ, ਮਰਚੇਂਟ ਸ਼ਿਪਿੰਗ ਐਕਟ, ਜਲ ਪ੍ਰਦੂਸ਼ਣ ਨਿਯੰਤਰਣ ‘ਤੇ ਰੋਕਥਾਮ ਨਿਯਮ, ਵਰਗੇ ਕਾਨੂੰਨਾਂ ਦਾ ਪਾਲਣ ਵੀ ਠੀਕ ਤਰ੍ਹਾਂ ਨਹੀਂ ਹੋ ਰਿਹਾ ਅਜੇ ਤਾਂ !

**ਮਰਦ ਸੂਤਰਧਾਰ:** ਇਸ ਪਾਲਣ ਨਾ ਹੋਣ ਕਰਕੇ ਸੁਟਿਆ ਜਾ ਰਿਹਾ ਹੈ ਉਦਯੋਗਾਂ ਦਾ ਗੰਦ -ਮੰਦ ਤੇ ਸ਼ਹਿਰਾਂ ਦਾ ਸੀਵਰ ਇਨ੍ਹਾਂ ਸਾਗਰਾਂ ਦੇ ਵਿੱਚ !

**ਔਰਤ ਸੂਤਰਧਾਰ:** ਪਰ ਹੁਣ ਵਕਤ ਆ ਗਿਆ ਹੈ ਕਿ ਬਣੀਏ ਅਸੀਂ ਸਮਝਦਾਰ ਤੇ ਬਚ ਸਕਦੇ ਨੇ ਇਹ ਜੀਵਨ ਦਾਇਕ ਸਾਗਰ ਸਮਝਦਾਰੀ ਦੇ ਨਾਲ !

**ਮਰਦ ਸੂਤਰਧਾਰ:** ਇਸ ਕਾਰਜ ਵਾਸਤੇ ਜੀਵ ਵਿਗਿਆਨ, ਰਸਾਇਣ ਵਿਗਿਆਨ, ਜਲਵਾਯੂ ਵਿਗਿਆਨ, ਭੂ-ਗਰਭ ਵਿਗਿਆਨ, ਕੰਪਿਊਟਰ ਪ੍ਰੋਗਰਾਮਿੰਗ ਅਤੇ ਐਨੀਮੇਸ਼ਨ ਮਾਹਰ ਕਰ ਰਹੇ ਨੇ ਇਕੱਤਰ ਸਮੁੰਦਰ ਦੇ ਬਾਰੇ ਵੱਧ ਤੋਂ ਵੱਧ ਜਾਕਾਰੀਆਂ !

**ਔਰਤ ਸੂਤਰਧਾਰ:** ਹਾਂ ਜੀ! ਜਾਣਕਾਰੀਆਂ ਦਾ ਭੰਡਾਰ ਹੀ ਬਣ ਸਕਦਾ ਹੈ ਸਮੁੰਦਰਾਂ ਨੂੰ ਬਚਾਉਣ ਲਈ ਅਗਲੀ ਕਰਜਯੋਜਨਾ ਦੀ ਨੀਂਹ !

**ਪ੍ਰਸ਼ਨ ਜਿਨ੍ਹਾਂ ਦੇ ਉਤਰ ਦੇਣ ਲਈ ਮਾਹਰਾਂ ਦੀ ਚਰਚਾ ਕਰਵਾਈ ਜਾ ਸਕਦੀ ਹੈ :-**

1. ਕਿਉਂ ਜਰੂਰੀ ਹੈ ਖੇਤੀ ਵੰਨ ਸੁਵੰਨਤਾ , ਕਿਨੀ ਕੁ ਘਟੀ ਹੈ ਇਹ ਵੰਨ -ਸੁਵੰਨਤਾ ?
2. ਕੀ ਪਿਆ ਹੈ ਪ੍ਰਭਾਵ ਹਰੇ ਇਨਕਲਾਬ ਦਾ, ਰਸਾਇਣਾਂ ਦਾ, ਖੇਤੀ ਦੀ ਵੰਨ ਸੁਵੰਨਤਾ ਉਪਰ?

3. ਕੁਦਰਤੀ ਕੀਟ ਪ੍ਰਬੰਧਨ ਕੀ ਹੈ ?
4. ਕਿਵੇਂ ਹੋਏ ਨੇ ਬਦਲਾਅ ਸਾਡੇ ਪਸ਼ੂਆਂ ਦੀ ਵਿਭਿੰਨਤਾ ਦੇ ਵਿੱਚ?
5. ਖੇਤੀ ਦੀ ਵੰਨ -ਸੁਵੰਨਤਾ ਦੀ ਕੀ ਹੈ ਭੂਮਿਕਾ ਸਾਡੀ ਖਾਧ ਸੁਰੱਖਿਆ ਅਤੇ ਟਿਕਾਊ ਵਿਕਾਸ ਦੇ ਵਿੱਚ ?
6. ਕਿਵੇਂ ਬਚਾਇਆ ਜਾ ਸਕਦਾ ਹੈ ਖੁਰਾਕੀ ਵਸਤਾਂ ਨੂੰ ਜਾਇਆ ਹੋਣ ਤੋਂ ?
7. ਕਿਵੇਂ ਹੋ ਸਕਦਾ ਹੈ ਸਰੱਖਿਅਣ ਕੁਦਰਤੀ ਸ੍ਰੋਤਾਂ ਦਾ ?
8. ਕਿਉਂ ਹੈ ਜਰੂਰੀ ਸੰਜਮ ਨਾਲ ਵਰਤੋ, ਮੁੜ ਵਰਤੋ, ਪੁਨਰ ਚਕਰੀਕਰਨ ਕਰਕੇ ਵਰਤੋ ਦਾ ਮੰਤਰ ?
9. ਕਿਹੜੇ ਸੁਰੱਖਿਅਣ ਅਮਲ ਅਪਣਾਏ ਜਾ ਸਕਦੇ ਨੇ ਪ੍ਰਸ਼ਾਸ਼ਨਿਕ, ਸਮਾਜਕ ਤੇ ਵਿਅਕਤੀਗਤ ਪੱਧਰ ‘ਤੇ ?
10. ਕੁਦਰਤ ਦਾ ਪੁਨਰ-ਚਕਰੀਕਰਨ ਕਿਵੇਂ ਚਲਦਾ ਹੈ ? ਮਨੁੱਖ ਦੀ ਇਸ ਵਿੱਚ ਕੀ ਹੈ ਭੂਮਿਕਾ ?
11. ਜਿੰਨਾ ਕੁੱਝ ਇੱਕ ਅਮਰੀਕਨ ਨਾਗਰਿਕ ਵਰਤਦਾ ਹੈ ਹਰ ਇੱਕ ਵੱਲੋਂ ਉਨੀ ਵਰਤੋਂ ਲਈ ਸੱਤ ਹੋਰ ਧਰਤੀਆਂ ਦੀ ਲੋੜ ਕਿਉਂ ?
12. ਭੋਜਨ ਦੀ ਬਰਬਾਦੀ ਰੋਕਨ ਦਾ ਭੋਜਨ ਸਮੱਸਿਆ ਦੇ ਹੱਲ ਵਿੱਚ ਕਿੰਨਾ ਹੈ ਯੋਗਦਾਨ ?
13. ਅਮਰੀਕਾ ਵਿੱਚ ਜਾਇਆ ਜਾਂਦੇ ਭੋਜਨ ਨੂੰ ਬਚਾ ਕੇ ਦੁਨੀਆਂ ਦੀ ਕਿੰਨੀ ਕੁ ਆਬਾਦੀ ਨੂੰ ਉਪਲਬਧ ਹੋ ਸਕਦਾ ਹੈ ਭੋਜਨ ?
14. ਕੁਦਰਤ ਦਾ ਰੌਦਰ ਰੂਪ ਕਿਉਂ ਆਉਂਦਾ ਹੈ ਸਾਡੇ ਸਾਹਮਣੇ ?
15. ਨਦੀਆਂ ਦੇ ਜਲ ਗ੍ਰਹਿਣ ਖੇਤਰਾਂ ਵਿੱਚ ਬਾਰਸ਼ ਨਾਲ ਹੁਣ ਹੜ੍ਹ ਜਿਆਦਾ ਕਿਉਂ ਰਹੇ ਨੇ ਆ ?
16. ਰਾਸਟਰੀ ਆਫਤ ਪ੍ਰਬੰਧਨ ਦੀ ਕੀ ਹੈ ਭੂਮਿਕਾ ਹੜ੍ਹਾਂ ਦੌਰਾਨ ?
17. ਪੰਜਾਬ ਵਿੱਚ ਹੜ੍ਹਾਂ ਦੌਰਾਨ ਰਾਹਤ ਕਾਰਜਾਂ ਵਾਸਤੇ ਪਿੰਡ ਪੱਧਰ ਤੋਂ ਸੂਬੇ ਤੱਕ ਕਿਹੜੀ ਹੈ ਮਸ਼ੀਨਰੀ ?
18. ਜੀਵਣ ਕਿਥੇ ਤੇ ਕਿਵੇਂ ਪਨਪਿਆ, ਕਿਵੇਂ ਵਿਕਸਿਤ ਹੋਇਆ ?
19. ਕਿਥੋਂ ਆਈ ਮੁਢਲੀ ਆਕਸੀਜਨ ਧਰਤੀ ਦੇ ਜੀਵਾਂ ਦੇ ਵਾਸਤੇ ?
20. ਕਿਉਂ ਜਰੂਰੀ ਹੈ ਸਾਗਰਾਂ ਦੇ ਪਰਿਆਵਰਣੀ ਤੰਤਰ ਨੂੰ ਬਚਾਉਣਾ ?
21. ਸਮੁੰਦਰੀ ਜੀਵਾਂ ਨੂੰ ਕੀ ਨੇ ਖਤਰੇ ?
22. ਕੀ ਹੈ ਗ੍ਰੇਟ ਪੈਸੇਫਿਕ ਗਾਰਬੇਜ ?
23. ਕੀ ਨੇ ਖਤਰੇ ਸਮੁੰਦਰੀ ਪੌਦਿਆਂ ਦੀ ਜਹਿਰਬਾ ਦੇ ਸਾਡੀ ਭੋਜਨ ਲੜੀ ਨੂੰ ?
24. ਕੀ ਹੈ ਬਾਟਮ ਟਰਾਲ ਨੈਟ ਵਿਧੀ ? ਕੀ ਨੇ ਨੁਕਸਾਨ ?
25. ਪਾਲਕ ਸਟਰੇਟ ਜਾ ਜਲ ਡਮਰੂ ਕੀ ਹੈ ? ਕੀ ਹੋਇਆ ਹੈ ਇਸ ਬਾਬਤ ਤਾਜਾ ਫੈਸਲਾ ?
26. ਸਮੁੰਦਰਾਂ ਵਿੱਚ ਉਦਯੋਗਾਂ ਦਾ ਗੰਦਾ ਪਾਣੀ ਤੇ ਪਲਾਸਟਿਕ ਕਚਰਾ ਸੁੱਟਣ ਨਾਲ ਕੀ ਹੁੰਦਾ ਹੈ ਨੁਕਸਾਨ ਇਸਦੇ ਪ੍ਰਸਿਥਿਤਕ ਤੰਤਰ ਨੂੰ ?
27. ਗਰਮੀ ਨੂੰ ਸੋਖਣ ਵਿੱਚ ਕੀ ਹੈ ਭੂਮਿਕਾ ਸਮੁੰਦਰਾਂ ਦੀ ?
28. ਕੀ ਹੈ ਭੂਮਿਕਾ ਸਮੁੰਦਰਾਂ ਦੀ ਕੁਦਰਤੀ ਜਲ ਚੱਕਰ ਦੇ ਵਿੱਚ ?
29. ਸੁੰਦਰਵਣ ਮੁਹਾਣੇ ਦਾ ਕੀ ਹੈ ਹਾਲ ? ਕਿਹੜੀਆਂ ਨਦੀਆਂ ਦਾ ਹੈ ਇਹ ਮੁਹਾਣਾ ?

30. ਸਾਡੇ ਸਾਗਰੀ ਤਟਾਂ ਦੀ ਕੀ ਹੈ ਮਹੱਤਤਾ ਸਾਡੇ ਅਰਥਚਾਰੇ ਵਿੱਚ ?

31. ਮੂੰਗਿਆਂ ਦੇ ਰੰਗ ਬਰੰਗੇ ਹੋਣ ਦਾ ਕੀ ਹੈ ਕਾਰਨ ?

32. ਕਿਉਂ ਘੱਟ ਰਿਹਾ ਹੈ ਸਮੁੰਦਰੀ ਤਟੀ ਖੇਤਰ?

33. ਅਲ ਨੀਨੋ ਦਾ ਕੀ ਹੈ ਪ੍ਰਭਾਵ ਸਾਡੇ ਮੌਨਸੂਨ ਦੀ ਵਰਖਾ 'ਤੇ ?

34. ਸਮੁੰਦਰੀ ਵੈਂਟ ਵਿੱਚ ਨਿਕਲਦੇ ਉਬਲਦੇ ਪਾਣੀ ਵਿੱਚ ਜੀਵ ਕਿਵੇਂ ਰਹਿੰਦੇ ਨੇ ਜੀਵਤ ?